## ਸਕੂਲਾਂ ਵਿੱਚ ਚਾਕੂ ਸਬੰਧੀ ਯੋਜਨਾ

ਪਿਆਰੇ ਮਾਪਿਓ ਅਤੇ ਸੰਭਾਲਕੋ

NSW ਦੀ ਸਰਕਾਰ ਨੇ ਹਾਲ ਹੀ ਵਿੱਚ ਭਾਈਚਾਰਕ ਸਲਾਹ-ਮਸ਼ਵਰਾ ਕੀਤਾ ਸੀ, ਜਿਸ ਵਿੱਚ ਸਿੱਖ ਭਾਈਚਾਰੇ ਦੇ ਮੁਖੀਆਂ ਅਤੇ ਸਿਹਤ ਅਤੇ ਸੁਰੱਖਿਆ ਮਾਹਰਾਂ ਦੇ ਨਾਲ ਮਿਲ ਕੇ ਉਨ੍ਹਾਂ ਨੇ ਸਕੂਲੀ ਨੀਤੀਆਂ ਵਿੱਚ ਚਾਕੂਆਂ ਸਬੰਧੀ ਯੋਜਨਾਂ ਨੂੰ ਸੋਧਣ ਬਾਰੇ ਸੋਚਿਆ ਹੈ।

ਵਿਭਾਗ ਭਾਈਚਾਰੇ ਦੇ ਉਨ੍ਹਾਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਸਲਾਹ-ਮਸ਼ਵਰੇ ਦੌਰਾਨ ਆਪਣੇ ਵਿਚਾਰ ਪੇਸ਼ ਕੀਤੇ ਸਨ ਅਤੇ ਜਿਨ੍ਹਾਂ ਨੇ ਸੋਧੇ ਹੋਏ ਦਿਸ਼ਾ-ਨਿਰਦੇਸ਼ਾਂ ਦੇ ਵਿਕਾਸ ਵਿੱਚ ਸਹਾਇਤਾ ਕੀਤੀ ਸੀ ਜੋ ਕਿ ਉਨ੍ਹਾਂ ਸਥਿਤੀਆਂ ਨੂੰ ਨਿਰਧਾਰਤ ਕਰਦੇ ਹਨ ਜਿਨ੍ਹਾਂ ਵਿੱਚ ਕਿਸੇ ਵਿਦਿਆਰਥੀ ਕੋਲ ਸਕੂਲ ਦੇ ਸਮੇਂ ਦੌਰਾਨ ਇਕ ਚਾਕੂ ਹੋਵੇ।.

ਇਹ ਦਿਸ਼ਾ-ਨਿਰਦੇਸ਼ ਵਿਭਾਗ ਦੇ ਵਿਦਿਆਰਥੀਆਂ ਅਤੇ ਸਕੂਲ ਕਰਮਚਾਰੀਆਂ ਨੂੰ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਹੋਣ ਵਾਲੇ ਖਤਰਿਆਂ ਤੋਂ ਬਚਾਉਣ ਅਤੇ NSW ਦੇ ਭਾਈਚਾਰੇ ਦੀ ਵਿਭਿੰਨਤਾ ਦਾ ਸਨਮਾਨ ਕਰਨ ਅਤੇ ਗੈਰ ਕਾਨੂੰਨੀ ਭੇਦਭਾਵ ਦੀਆਂ ਕਾਰਵਾਈਆਂ ਤੋਂ ਬੱਚਣ ਦੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਸਕੂਲਾਂ ਵਿੱਚ ਚਾਕੂਆਂ 'ਤੇ ਪਾਬੰਦੀ ਲਾਗੂ ਹੈ ਪਰ ਇਹ ਕਿਰਪਾਨ ਪਹਿਨਣ ਵਾਲੇ ਵਿਦਿਆਰਥੀਆਂ ਨੂੰ ਨਹੀਂ ਰੋਕਦੀ ਬਸ਼ਰਤੇ ਕਿ ਉਹ ਸਖਤ ਨਵੇਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ। ਕਿਰਪਾਨ ਇੱਕ ਵਸਤੂ ਹੁੰਦੀ ਹੈ, ਜਿਹੜੀ ਇਕ ਚਾਕੂ ਵਰਗੀ ਹੁੰਦੀ ਹੈ, ਜੋ ਅਮ੍ਰਿਤਧਾਰੀ ਸਿੱਖ ਆਪਣੇ ਧਾਰਮਿਕ ਚਿੰਨ੍ਹਾਂ ਵਜੋਂ ਪਹਿਨਦੇ ਹਨ ਅਤੇ ਇਹ ਉਨ੍ਹਾਂ ਲਈ ਮਹੱਤਵਪੂਰਣ ਧਾਰਮਿਕ ਮਹੱਤਤਾ ਰੱਖਦੀ ਹੈ।

ਕਿਸੇ ਅਮ੍ਰਿਤਧਾਰੀ ਸਿਖ ਵਿਦਿਆਰਥੀ ਨੂੰ ਸਕੂਲ ਵਿੱਚ ਕਿਰਪਾਨ ਪਹਿਨਣ ਦੀ ਆਗਿਆ ਦੇਣ ਲਈ, ਲਾਜ਼ਮੀ ਹੈ ਕਿ ਕਿਰਪਾਨ:

- ਛੋਟੇ ਅਕਾਰ ਦੀ ਹੋਵੇ, ਜਿਸ ਦੀ ਪੂਰੀ ਲੰਬਾਈ 16.5 ਸੈਂਟੀਮੀਟਰ (ਤਕਰੀਬਨ 6.5 ਇੰਚ) ਜਾਂ ਇਸ ਤੋਂ ਘੱਟ, ਬਿਨ੍ਹਾਂ ਕਿਸੇ ਤਿੱਖੇ ਪਾਸਿਆਂ ਜਾਂ ਬਿੰਦੂਆਂ (points) ਦੇ
- ਬਲੇਡ ਵਾਲੀ ਜੋ ਮਿਆਨ ਦੇ ਅੰਦਰ ਹੋਵੇ ਤਾਂ ਜੋ ਇਸ ਨੂੰ ਬਾਹਰ ਨਾ ਕੱਢਿਆ ਜਾ ਸੱਕੇ।
- ਕੱਪੜਿਆ ਦੇ ਹੇਠਾਂ ਪਹਿਨੀ ਜਾਵੇ ਅਤੇ ਜਕੜੀ ਹੋਵੇ ਤਾਂ ਜੋ ਇਸ ਦੀ ਵਰਤੋਂ ਨਾ ਕੀਤੀ ਜਾ ਸੱਕੇ।
- ਖੇਡਾਂ ਵਰਗੀਆਂ ਸਰੀਰਕ ਗਤੀਵਿਧੀਆਂ ਦੌਰਾਨ ਸਾਂਭ ਕੇ ਰੱਖੀ ਜਾਵੇ, ਜਾਂ "ਸਰੀਰ ਦੇ ਨਾਲ ਜਕੜੀ ਜਾਵੇ"

**ਨੋਟ:** ''ਸਰੀਰ ਦੇ ਨਾਲ ਜਕੜੀ ਜਾਵੇ" ਦਾ ਮਤਲਬ ਹੈ ਕਿ ਕਿਸੇ ਮੋਟੇ ਕੱਪੜੇ ਵਿੱਚ ਲਪੇਟ ਕੇ ਕਿਸੇ ਖੇਡਾਂ ਦੇ ਬੈਂਡ ਜਾਂ ਚਮੜੇ ਦੀ ਬੈਲਟ ਨਾਲ ਬੱਧੀ ਜਾਵੇ ਜਿਸ ਦੁਆਰਾ ਇਹ ਨਿਸ਼ਚਿਤ ਕੀਤਾ ਜਾਵੇ ਕਿ ਇਹ ਹਿਲੇਗੀ ਨਹੀਂ ਤਾਂ ਜੋ ਪਹਿਨਣ ਵਾਲੇ ਜਾਂ ਕਿਸੇ ਹੋਰ ਨੂੰ ਸੱਟ ਨਾ ਲੱਗੇ।

ਜਦੋਂ ਵਾਜਬ ਤੌਰ 'ਤੇ ਪੁਛਿਆ ਜਾਵੇ, ਵਿਦਿਆਰਥੀ ਨੂੰ ਤਸਦੀਕ ਕਰਨਾ ਚਾਹੀਦਾ ਹੇ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਕਿਸੇ ਤਰ੍ਹਾਂ ਦੀਆਂ ਸੁਰੱਖਿਆ ਚਿੰਤਾਵਾਂ ਬਾਰੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਜਾਂ ਸੰਭਾਲਕਾਂ ਨਾਲ ਚਰਚਾ ਕੀਤੀ ਜਾਵੇਗੀ।

ਜਦ ਕਿ ਅਮ੍ਰਿਤਧਾਰੀ ਸਿੱਖ ਵਿਦਿਆਰਥੀ ਕਿਰਪਾਨ ਪਹਿਨ ਸਕਦੇ ਹਨ ਉਨ੍ਹਾਂ ਨੂੰ ਕਿਸੇ ਹੋਰ ਉਦੇਸ਼ ਲਈ ਸ਼ਕੂਲ ਵਿੱਚ ਇਸ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਹੁੰਦੀ।

ਵਿਦਿਆਰਥੀਆਂ ਨੂੰ ਕਿਸੇ ਵੀ ਹੋਰ ਸਥਿਤੀ ਵਿੱਚ ਸਕੂਲ ਵਿੱਚ ਚਾਕੂ ਰੱਖਣ ਦੀ ਇਜਾਜਤ ਨਹੀਂ ਹੈ ਜਦੋਂ ਤੱਕ ਕਿ ਚਾਕੂ ਦੀ ਵਰਤੋਂ ਵਿਦਿਅਕ ਉਦੇਸ਼ਾਂ ਲਈ ਨਹੀਂ ਕੀਤੀ ਜਾ ਰਹੀ (ਉਦਾਹਰਣ ਵਜੋਂ ਭੋਜਨ ਤਕਨੌਲਿਜੀ ਪ੍ਰੈਕਟਿਕਲ ਕਲਾਸਾਂ ਦੇ ਦੌਰਾਨ)।

ਉਹ ਵਿਦਿਆਰਥੀ ਜੋ ਸਕੂਲ ਵਿੱਚ ਚਾਕੂ ਲਿਆ ਸਕਦੇ ਹਨ ਕਿਉਂਕਿ ਉਹ ਸਕੂਲ ਤੋਂ ਬਾਅਦ ਸਿਧੇ TAFE ਕਲਾਸ ਨੂੰ ਜਾਂਦੇ ਹਨ ਨੂੰ ਸਕੂਲ ਦੀ ਸ਼ੁਰੂਆਤ ਤੋਂ ਪਹਿਲਾਂ ਸਕੂਲ ਦੇ ਦਫਤਰ ਵਿੱਚ ਆਪਣੇ ਚਾਕੂ ਨੂੰ ਇਕ ਡੱਬੇ ਜਾਂ ਮਿਆਨ ਵਿੱਚ ਪਾ ਕੇ ਸਕੂਲ ਦੇ ਦਫਤਰ ਵਿੱਚ ਜਮ੍ਹਾਂ ਕਰਨ ਦੀ ਲੋੜ ਹੈ ਅਤੇ ਸਕੂਲ ਦੇ ਅੰਤ ਹੋਣ ਸਮੇਂ ਉਹ ਇਸ ਨੂੰ ਲੈ ਸਕਦੇ ਹਨ।

ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਬਾਰੇ ਵਧੇਰੇ ਜਾਣਕਾਰੀ ਇਥੋ ਮਿਲ ਸਕਦੀ ਹੈ https://education.nsw.gov.au/about-us/rights-and-accountability/legal-issues-bulletins/knives-in-schools

ਤੁਹਾਡਾ ਸ਼ੁਭਚਿੰਤਕ

ਪ੍ਰਿੰਸੀਪਲ (Principal)

**ਟੈਲੀਫੋਨ ਦੁਭਾਂਸ਼ਿਆਈ ਸੇਵਾ**

ਜੇ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨੂੰ ਕਾਲ ਕਰੋ, ਜੇ ਤੁਹਾਨੂੰ ਤੁਹਾਡੀ ਪੁਛ-ਗਿਛ ਲਈ ਦੁਭਾਸ਼ੀਏ ਦੀ ਸਹਾਇਤਾ ਲੋੜੀਂਦੀ  ਹੈ, ਤਾਂ ਕਿਰਪਾ ਕਰਕੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ 131 450  ‘ਤੇ ਕਾਲ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਨੂੰ ਉਹ ਨੰਬਰ ਦਿਓ ਜਿਸ ਨੂੰ ਤੁਸੀਂ ਕਾਲ ਕਰਨਾ ਚਾਹੁੰਦੇ ਹੋ ਅਤੇ ਅਪਰੇਟਰ ਤੁਹਾਡੀ ਸਹਾਇਤਾ ਕਰਨ ਲਈ ਇਕ ਦੁਭਾਸ਼ੀਏ ਨੂੰ ਲਾਈਨ ‘ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਕੋਲੋਂ ਰਕਮ ਨਹੀਂ ਵਸੂਲ ਕੀਤੀ ਜਾਵੇਗੀ।